**ਪੰਜਾਬ ਸਰਕਾਰ** **(Through Website)**
**ਸਿੱਖਿਆ ਵਿਭਾਗ**
**(ਸਿੱਖਿਆ-6 ਸ਼ਾਖਾ)**

ਸੇਵਾ ਵਿਖੇ,

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਪੰਜਾਬ।
3. ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ, ਪੰਜਾਬ।

ਮੀਮੋ ਨੰ : HO/SSE/ms/2017966 7
ਮਿਤੀ, ਚੰਡੀਗੜ੍ਹ : 09-09-2017

**ਵਿਸ਼ਾ:- ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆ ਸ਼ਰਤਾਂ ਸੇਵਾਵਾਂ) ਨਿਯਮ,1994 ਰੂਲ 7 ਦੇ ਉਪ ਨਿਯਮ 1 ਵਿੱਚ ਨੋਟੀਫਿਕੇਸ਼ਨ ਮਿਤੀ 05/09/2016 ਰਾਂਹੀ ਸਿੱਧੀ ਭਰਤੀ ਦੇ ਪਰਖਕਾਲ ਦਾ ਸਮਾਂ 2 ਸਾਲ ਤੋਂ ਵਧਾ ਕੇ 3 ਸਾਲ ਸਬੰਧੀ ਸਪਸ਼ਟੀਕਰਨ।**

ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਦੇ ਪੱਤਰ ਨੰ.1/6/2016-4 ਪੀ.ਪੀ.1/834680/1 ਮਿਤੀ 07/09/2016 ਨਾਲ ਸਿੱਧੀ ਭਰਤੀ ਰਾਂਹੀ ਨਿਯੁਕਤ ਅਧਿਕਾਰੀਆਂ/ਕਰਮਚਾਰੀਆਂ ਦਾ ਪਰਖ ਕਾਲ ਸਮਾਂ 2 ਸਾਲ ਤੋਂ ਵਧਾ ਕੇ 3 ਸਾਲ ਕੀਤਾ ਗਿਆ ਸੀ।ਇਸ ਸਬੰਧੀ ਪ੍ਰੋਸਨਲ ਵਿਭਾਗ, ਪੰਜਾਬ ਸਰਕਾਰ ਨੇ ਆਪਣੇ ਪੱਤਰ ਨੰ. 1/1/2011 ਪੀ.ਪੀ./1054135/1 ਮਿਤੀ 31/08/2017 ਰਾਂਹੀ ਮੁੜ ਹਦਾਇਤਾਂ ਜਾਰੀ ਕੀਤੀਆ ਹਨ ਕਿ ਜਿਨ੍ਹਾਂ ਅਸਾਮੀਆ ਨੂੰ ਭਰਨ ਦੀ ਪ੍ਰਕਿਰਿਆ ਅਧਿਸੂਚਨਾ ਮਿਤੀ 05/09/2016 ਤੋਂ ਪਹਿਲਾਂ ਸ਼ੁਰੂ ਹੋ ਚੁੱਕੀ ਸੀ ਜਿਵੇਂ ਕਿ ਭਰਤੀ ਲਈ ਨੋਟੀਫਿਕੇਸ਼ਨ ਜਾਰੀ ਕਰਨਾ, ਟੈਸਟ/ਇੰਟਰਵਿਊ ਹੋ ਚੁੱਕੀ ਹੋਵੇ ਪਰ ਹਾਜਰੀ ਰਿਪੋਰਟ ਬਾਅਦ ਵਿੱਚ ਦਿੱਤੀ ਹੋਵੇ ਤਾਂ ਉਨ੍ਹਾਂ ਅਸਾਮੀਆ 'ਤੇ ਨਿਯੁਕਤ ਕਰਮਚਾਰੀਆ ਦਾ ਪਰਖ ਕਾਲ ਸਮਾਂ 2 ਸਾਲ ਹੀ ਰਹੇਗਾ।ਇਸ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਸਿੱਖਿਆ ਵਿਭਾਗ ਵਿੱਚ ਨਿਯੁਕਤ ਕੀਤੇ ਕਰਮਚਾਰੀਆ ਜਿਨ੍ਹਾਂ ਦੀ ਭਰਤੀ ਦੀ ਪ੍ਰਕਿਰਿਆ ਮਿਤੀ 05/09/2016 ਤੋਂ ਪਹਿਲਾਂ ਸ਼ੁਰੂ ਹੋ ਚੁੱਕੀ ਸੀ,ਦਾ ਪਰਖ ਕਾਲ ਸਮਾਂ 2 ਸਾਲ ਹੀ ਸਮਝਿਆ ਜਾਵੇ।

**ਸੱਕਤਰ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**

ਪਿੱਠ ਅੰਕਣ ਨੰ. ਉਕਤ
ਮਿਤੀ:- 09-09-2017

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਮੋਹਾਲੀ, ਪੰਜਾਬ।
2. ~~ਦਫ਼ਤਰ~~ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਮੋਹਾਲੀ, ਪੰਜਾਬ।
3. ~~ਦਫ਼ਤਰ~~ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.), ਮੋਹਾਲੀ, ਪੰਜਾਬ।
4. ਡਾਇਰੈਕਟਰ,ਐਸ.ਸੀ.ਈ.ਆਰ.ਟੀ., ਮੋਹਾਲੀ, ਪੰਜਾਬ।

**ਸੱਕਤਰ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**